ਗਾਜ਼ਾ ਜੰਗ ਕਾਰਨ ਬਾਲ ਵਿਆਹਾਂ ਵਿਚ ਚਿੰਤਾਜਨਕ ਵਾਧਾ: ਰੀਪੋਰਟ

ਦੇਈਰ ਅਲ-ਬਲਾਹ (ਗਾਜ਼ਾ ਪੱਟੀ), 29 ਮਈ : ਇਜ਼ਰਾਈਲ ਦੀ ਫ਼ੌਜੀ ਮੁਹਿਮ ਅਤੇ ਗਾਜ਼ਾ ਵਿਚ ਹੋਏ ਵੱਡੇ ਪੱਧਰ ਦੇ ਉਜਾੜੇ ਨੇ ਨਾਬਾਲਗ ਕੁੜੀਆਂ ਦੇ ਵਿਆਹਾਂ ਵਿਚ ਇਕ ਭਾਰੀ ਵਾਧਾ ਕਰ ਦਿਤਾ ਹੈ। ਇਕ ਤਾਜ਼ਾ ਰੀਪੋਰਟ ਮੁਤਾਬਕ, ਬੱਚੇ ਅਤੇ ਮਜਬੂਰ ਮਾਪੇ ਅਪਣੀਆਂ ਸਿਰਫ਼ 13 ਸਾਲ ਤਕ ਦੀਆਂ ਧੀਆਂ ਦਾ ਵਿਆਹ ਕਰ ਰਹੇ ਹਨ, ਤਾਂ ਜੋ ਉਨ੍ਹਾਂ ਨੂੰ ਸੁਰੱਖਿਆ ਅਤੇ ਆਰਥਕ ਸਹਾਇਤਾ ਮਿਲ ਸਕੇ। ਜੰਗ ਤੋਂ ਪਹਿਲਾਂ ਗਾਜ਼ਾ ਵਿਚ ਬਾਲ ਵਿਆਹਾਂ ਦੀ ਦਰ ਲਗਾਤਾਰ ਘਟ ਰਹੀ ਸੀ, ਪਰ ਮੌਜੂਦਾ ਹਾਲਾਤ ਨੇ ਇਸ ਰੁਝਾਨ ਨੂੰ ਬਦਲ ਦਿਤਾ ਹੈ। ਐਸੋਸੀਏਟਿਡ ਪ੍ਰੈਸ (ਏ.ਪੀ.) ਨੇ ਇਸ ਸਬੰਧੀ ਕਈ ਪੀੜਤ ਕੁੜੀਆਂ ਅਤੇ ਉਨ੍ਹਾਂ ਦੇ ਮਾਪਿਆਂ ਨਾਲ ਗੱਲਬਾਤ ਕੀਤੀ। ਇਕ ਮਜਬੂਰ ਮਾਂ, ਮਾਜਦਾ, ਜਿਸ ਦਾ ਪਤੀ ਅਤੇ ਵੱਡਾ ਪੁੱਤਰ ਹਵਾਈ ਹਮਲਿਆਂ ਵਿਚ ਮਾਰੇ ਗਏ ਸਨ, ਨੇ ਅਪਣੀ ਹੱਡਬੀਤੀ ਸੁਣਾਉਂਦਿਆਂ ਦਸਿਆ, "ਮੈਂ ਸੋਚਿਆ ਸੀ ਕਿ ਮੈਂ ਉਨ੍ਹਾਂ ਦੀ ਰੱਖਿਆ ਕਰ ਰਹੀ ਹਾਂ। ਡਰ ਮੈਨੂੰ ਵੱਢ-ਵੱਢ ਖਾ ਰਿਹਾ ਸੀ।" ਇਸੇ ਡਰ ਕਾਰਨ ਉਸ ਨੇ ਅਪਣੀਆਂ 13 ਅਤੇ 14 ਸਾਲ ਦੀਆਂ ਧੀਆਂ ਦਾ ਵਿਆਹ ਦੋ ਸਕੇ ਭਰਾਵਾਂ ਨਾਲ ਕਰ ਦਿਤਾ, ਜਿੱਥੇ ਉਨ੍ਹਾਂ ਨੂੰ ਭਿਆਨਕ ਸਰੀਰਕ ਸ਼ੋਸ਼ਣ ਅਤੇ ਹਿੰਸਾ ਦਾ ਸਾਹਮਣਾ ਕਰਨਾ ਪਿਆ। ਸਰਕਾਰੀ ਅੰਕੜਿਆਂ ਮੁਤਾਬਕ, ਸੁਪਰੀਮ ਸ਼ਰੀਆ ਅਦਾਲਤ ਵਿਚ ਸਾਲ 2024 ਅਤੇ 2025 ਦੌਰਾਨ ਦਰਜ ਹੋਏ 35,474 ਵਿਆਹਾਂ 'ਚੋਂ 20.6 ਫ਼ੀ ਸਦੀ ਵਿਆਹ 18 ਸਾਲ ਤੋਂ ਘੱਟ ਉਮਰ ਦੀਆਂ ਕੁੜੀਆਂ ਦੇ ਸਨ, ਜਿਨ੍ਹਾਂ ਵਿਚ 627 ਕੁੜੀਆਂ ਦੀ ਉਮਰ ਤਾਂ 15 ਸਾਲ ਤੋਂ ਵੀ ਘੱਟ ਸੀ। ਮਾਹਰਾਂ ਅਨੁਸਾਰ, ਬਹੁਤ ਸਾਰੇ ਪਰਵਾਰ ਅਦਾਲਤੀ ਨਿਯਮਾਂ ਤੋਂ ਬਚਣ ਲਈ ਗੈਰ-ਰਸਮੀ ਸਮਝੌਤੇ ਕਰ ਰਹੇ ਹਨ। ਕਈ ਕੁੜੀਆਂ ਨੇ ਦਸਿਆ ਕਿ ਸਕੂਲ ਬੰਦ ਹੋਣ ਕਾਰਨ ਉਨ੍ਹਾਂ ਦੀ ਪੜ੍ਹਾਈ ਦੀ ਉਮੀਦ ਖ਼ਤਮ ਹੋ ਚੁਕੀ ਸੀ। ਇਕ 17 ਸਾਲ ਦੀ ਕੁੜੀ ਨੇ ਕਿਹਾ, "ਵਿਆਹ ਮੈਨੂੰ ਇਕ ਅਜਿਹਾ ਜ਼ਰੀਆ ਲੱਗਿਆ ਜਿਸ ਨਾਲ ਮੈਂ ਅਪਣੀ ਜ਼ਿੰਦਗੀ ਵਿਚ ਕੁੱਝ ਆਮ ਵਰਗਾ ਮਾਹੌਲ ਵਾਪਸ ਲਿਆ ਸਕਦੀ ਸੀ।" ਮਾਹਰਾਂ ਦਾ ਕਹਿਣਾ ਹੈ ਕਿ ਅਸਲ ਅੰਕੜੇ ਇਸ ਤੋਂ ਕਿਤੇ ਵੱਧ ਹੋ ਸਕਦੇ ਹਨ ਕਿਉਂਕਿ ਜੰਗ ਦੀ ਤਬਾਹੀ ਦੌਰਾਨ ਬਹੁਤ ਸਾਰੇ ਵਿਆਹ ਰਜਿਸਟਰ ਹੀ ਨਹੀਂ ਹੋ ਸਕੇ। (ਪੀ.ਟੀ.ਆਈ.)

ਹਾਕੀ : ਭਾਰਤ ਨੇ ਆਸਟ੍ਰੇਲੀਆ ਨੂੰ 2-1 ਨਾਲ ਹਰਾਇਆ

ਪਰਥ, 29 ਮਈ: ਭਾਰਤੀ ਮਹਿਲਾ ਹਾਕੀ ਟੀਮ ਨੇ ਅਪਣੇ ਸ਼ਾਨਦਾਰ ਪ੍ਰਦਰਸ਼ਨ ਨੂੰ ਜਾਰੀ ਰੱਖਦਿਆਂ ਤੀਜੇ ਦੋਸਤਾਨਾ ਮੈਚ ਵਿਚ ਮੇਜ਼ਬਾਨ ਆਸਟ੍ਰੇਲੀਆ ਨੂੰ ਹਰਾ ਕੇ ਲੜੀ ਵਿਚ 2-1 ਦੀ ਅਜਿੱਤ ਲੀਡ ਹਾਸਲ ਕਰ ਲਈ ਹੈ। ਪਹਿਲੇ ਦੋ ਕੁਆਰਟਰਾਂ ਵਿਚ ਦੋਹਾਂ ਟੀਮਾਂ ਦੇ ਰੱਖਿਆਤਮਕ ਪ੍ਰਦਰਸ਼ਨ ਕਾਰਨ ਕੋਈ ਗੋਲ ਨਹੀਂ ਹੋ ਸਕਿਆ। ਮੈਚ ਦੇ 36ਵੇਂ ਮਿੰਟ ਵਿਚ ਭਾਰਤ ਨੂੰ ਉਦੋਂ ਵੱਡੀ ਸਫਲਤਾ ਮਿਲੀ ਜਦੋਂ ਸੋਨਮ ਨੇ ਸ਼ਾਨਦਾਰ ਫੀਲਡ ਗੋਲ ਕਰ ਕੇ ਟੀਮ ਨੂੰ 1-0 ਦੀ ਲੀਡ ਦਿਵਾਈ। ਇਸ ਤੋਂ ਬਾਅਦ, 49ਵੇਂ ਮਿੰਟ ਵਿਚ ਲਾਲਰੇਮਸਿਆਮੀ ਨੇ ਇਕ ਹੋਰ ਗੋਲ ਦਾਗਦਿਆਂ ਭਾਰਤ ਦੀ ਲੀਡ ਨੂੰ ਦੁੱਗਣਾ ਕਰ ਦਿਤਾ। ਆਸਟ੍ਰੇਲੀਆਈ ਟੀਮ ਨੇ ਵਾਪਸੀ ਦੀ ਪੂਰੀ ਕੋਸ਼ਿਸ਼ ਕੀਤੀ, ਪਰ ਭਾਰਤੀ ਡਿਫੈਂਡਰਾਂ ਨੇ ਉਨ੍ਹਾਂ ਦੇ ਹਰ ਹਮਲੇ ਨੂੰ ਨਾਕਾਮ ਕਰ ਦਿਤਾ। ਇਹ ਦੌਰਾ ਅਗੱਸਤ ਵਿਚ ਹੋਣ ਵਾਲੇ ਵਿਸ਼ਵ ਕੱਪ ਅਤੇ ਜੂਨ ਵਿਚ ਆਯੋਜਿਤ ਕੀਤੇ ਜਾਣ ਵਾਲੇ 'ਮਹਿਲਾ ਨੇਸ਼ਨਜ਼ ਕੱਪ' ਦੀਆਂ ਤਿਆਰੀਆਂ ਲਈ ਬਹੁਤ ਮਹੱਤਵਪੂਰਨ ਹੈ। ਲੜੀ ਦਾ ਚੌਥਾ ਅਤੇ ਆਖ਼ਰੀ ਮੈਚ ਸ਼ਨਿਚਰਵਾਰ ਨੂੰ ਇਸੇ ਮੈਦਾਨ 'ਤੇ ਖੇਡਿਆ ਜਾਵੇਗਾ। (ਪੀ.ਟੀ.ਆਈ.)

ਲਾਰੈਂਸ ਬਿਸ਼ਨੋਈ ਗੈਂਗ ਨੇ ਪਿਛਲੇ ਸਾਲ ਭੇਜਿਆ ਸੀ ਧਮਕੀ ਪੱਤਰ : ਕੈਨੇਡਾ ਪੁਲਿਸ

ਕੈਨੇਡਾ 'ਚ 1000 ਸ਼ੂਟਰ ਹੋਣ ਦਾ ਕੀਤਾ ਸੀ ਦਾਅਵਾ

ਟੋਰਾਂਟੋ, 29 ਮਈ : ਕੈਨੇਡਾ ਵਿਚ ਦਖਣੀ ਏਸ਼ੀਆਈ ਲੋਕਾਂ ਅਤੇ ਕਾਰੋਬਾਰੀਆਂ ਨੂੰ ਨਿਸ਼ਾਨਾ ਬਣਾ ਰਹੇ ਲਾਰੈਂਸ ਬਿਸ਼ਨੋਈ ਗੈਂਗ ਬਾਰੇ ਕੈਨੇਡੀਅਨ ਪੁਲਿਸ ਨੇ ਇਕ ਹੈਰਾਨੀਜਨਕ ਪ੍ਰਗਟਾਵਾ ਕੀਤਾ ਹੈ। ਮੀਡੀਆ ਰੀਪੋਰਟਾਂ ਮੁਤਾਬਕ, ਬਿਸ਼ਨੋਈ ਗੈਂਗ ਨੇ ਪਿਛਲੇ ਸਾਲ ਪੁਲਿਸ ਨੂੰ ਇਕ ਚਿੱਠੀ ਭੇਜੀ ਸੀ, ਜਿਸ ਵਿਚ ਦਾਅਵਾ ਕੀਤਾ ਗਿਆ ਸੀ ਕਿ ਕੈਨੇਡਾ ਵਿਚ ਜਬਰਨ ਉਗਰਾਹੀ ਦੇ ਧੰਦੇ ਨੂੰ ਚਲਾਉਣ ਲਈ ਉਨ੍ਹਾਂ ਕੋਲ 1,000 ਤੋਂ ਵੱਧ ਸ਼ੂਟਰ ਤਿਆਰ ਹਨ। ਇਹ ਚਿੱਠੀ 13 ਅਗੱਸਤ, 2025 ਨੂੰ ਬ੍ਰਿਟਿਸ਼ ਕੋਲੰਬੀਆ ਦੇ ਐਬਟਸਫੋਰਡ ਪੁਲਿਸ ਸਟੇਸ਼ਨ ਵਿਚ ਪ੍ਰਾਪਤ ਹੋਈ ਸੀ। ਇਸ ਮਾਮਲੇ ਦਾ ਪ੍ਰਗਟਾਵਾ ਐਡਮਿੰਟਨ ਪੁਲਿਸ ਦੇ ਕਾਂਸਟੇਬਲ ਕੇਵਿਨ ਸੇਂਟ ਲੂਈਸ ਨੇ ਇਮੀਗ੍ਰੇਸ਼ਨ ਐਂਡ ਰਿਫਿਊਜੀ ਬੋਰਡ ਦੇ ਸਾਹਮਣੇ ਇਕ ਦੇਸ਼ ਨਿਕਾਲੇ ਦੀ ਸੁਣਵਾਈ ਦੌਰਾਨ ਗਵਾਹੀ ਦਿੰਦੇ ਹੋਏ ਕੀਤਾ। ਉਨ੍ਹਾਂ ਦਸਿਆ, "ਪੁਲਿਸ ਨੂੰ ਅਸਲ ਵਿਚ ਲਾਰੈਂਸ ਬਿਸ਼ਨੋਈ ਗੈਂਗ ਤੋਂ ਇਕ ਚਿੱਠੀ ਮਿਲੀ ਸੀ ਜੋ ਇਕ ਪੁਲਿਸ ਸਟੇਸ਼ਨ ਭੇਜਿਆ ਗਿਆ ਸੀ।" ਸੁਣਵਾਈ ਦਾ ਸਾਹਮਣਾ ਕਰ ਰਿਹਾ ਵਿਅਕਤੀ ਜਬਰਨ ਵਸੂਲੀ ਦੀਆਂ ਗਤੀਵਿਧੀਆਂ 'ਚ ਸ਼ਾਮਲ ਦਸਿਆ ਜਾ ਰਿਹਾ ਹੈ। ਅਫ਼ਸਰ ਨੇ ਅੱਗੇ ਦਸਿਆ, "ਇਸ ਖ਼ਾਸ ਚਿੱਠੀ ਵਿਚ ਮੁੱਖ ਰੂਪ ਵਿਚ ਉਨ੍ਹਾਂ ਦੇ ਅਪਰਾਧਕ ਸੰਗਠਨ ਦੀ ਰੂਪ-ਰੇਖਾ ਦਿਤੀ ਗਈ ਸੀ, ਜਿੱਥੇ ਉਨ੍ਹਾਂ ਨੇ ਗਰੁੱਪ ਦੇ ਹਿੱਸੇ ਵਜੋਂ ਹਿੰਸਕ ਗੋਲੀਬਾਰੀ ਦੀਆਂ ਘਟਨਾਵਾਂ ਨੂੰ ਅੰਜਾਮ ਦੇਣ ਲਈ 1,000 ਤੋਂ ਵੱਧ ਵਿਅਕਤੀਆਂ ਦੇ ਤਿਆਰ ਹੋਣ ਬਾਰੇ ਗੱਲ ਕੀਤੀ ਸੀ।" ਚਿੱਠੀ ਵਿਚ ਇਹ ਵੀ ਲਿਖਿਆ ਸੀ ਕਿ ਹਰ ਕਾਰੋਬਾਰ ਨੂੰ 'ਟੈਕਸ' ਦੇਣਾ ਪਵੇਗਾ, ਜੋ ਕਿ ਉਨ੍ਹਾਂ ਦੇ ਜਬਰਨ ਵਸੂਲੀ ਦੇ ਮਨਸੂਬਿਆਂ ਨੂੰ ਸਾਫ਼ ਜ਼ਾਹਰ ਕਰਦਾ ਹੈ। ਪੁਲਿਸ ਮੁਤਾਬਕ ਇਹ ਗੈਂਗ ਭਾਰਤੀ ਨਾਗਰਿਕਾਂ ਅਤੇ ਸਕੂਲੀ ਨੌਜਵਾਨਾਂ ਨੂੰ ਮਾਮੂਲੀ ਰਕਮ ਦੇ ਕੇ ਗੋਲੀਬਾਰੀ ਲਈ ਵਰਤਦਾ ਹੈ। ਵਟਸਐਪ 'ਤੇ ਧਮਕੀਆਂ ਦੇਣ ਲਈ 'ਜ਼ੋਰਾ ਸਿੱਧੂ' ਨਾਂ ਦੇ ਵਿਅਕਤੀ ਦਾ ਨਾਂ ਸਾਹਮਣੇ ਆਇਆ ਹੈ, ਜੋ ਕੈਨੇਡਾ ਤੋਂ ਬਾਹਰ ਬੈਠਾ ਹੈ। ਫ਼ਿਲਹਾਲ ਪੁਲਿਸ ਇਸ ਚਿੱਠੀ ਦੇ ਸਰੋਤਾਂ ਦੀ ਡੂੰਘਾਈ ਨਾਲ ਜਾਂਚ ਕਰ ਰਹੀ ਹੈ। (ਪੀ.ਟੀ.ਆਈ.)

ਹੋਰਮੁਜ਼ 'ਚ ਅਜੇ ਵੀ ਫਸੇ ਹਨ 2000 ਜਹਾਜ਼, ਅਮਰੀਕਾ ਨੇ ਪ੍ਰਗਟਾਈ ਚਿੰਤਾ

ਵਾਸ਼ਿੰਗਟਨ, 29 ਮਈ : ਅਮਰੀਕਾ ਅਤੇ ਇਰਾਨ ਵਿਚਾਲੇ ਤਣਾਅ ਘਟਣ ਦਾ ਨਾਮ ਨਹੀਂ ਲੈ ਰਿਹਾ। ਇਸ ਦੌਰਾਨ ਅਮਰੀਕਾ ਦੇ ਖ਼ਜ਼ਾਨਾ ਮੰਤਰੀ ਸਕੌਟ ਬੇਸੈਂਟ ਨੇ ਇਕ ਹੈਰਾਨੀਜਨਕ ਖ਼ੁਲਾਸਾ ਕਰਦਿਆਂ ਦਸਿਆ ਹੈ ਕਿ ਹੋਰਮੁਜ਼ ਸਟਰੇਟ ਦੇ ਆਲੇ-ਦੁਆਲੇ ਵਧੇ ਤਣਾਅ ਅਤੇ ਰੁਕਾਵਟਾਂ ਕਾਰਨ ਲਗਭਗ 2,000 ਜਹਾਜ਼ ਖਾੜੀ ਖੇਤਰ ਵਿਚੋਂ ਬਾਹਰ ਨਿਕਲਣ ਦੀ ਉਡੀਕ ਵਿਚ ਫਸੇ ਹੋਏ ਹਨ। ਇਹ ਰਸਤਾ ਦੁਨੀਆਂ ਭਰ ਵਿਚ ਤੇਲ ਅਤੇ ਤਰਲ ਕੁਦਰਤੀ ਗੈਸ ਦੀ ਸਪਲਾਈ ਲਈ ਬੇਹੱਦ ਮਹੱਤਵਪੂਰਨ ਮੰਨਿਆ ਜਾਂਦਾ ਹੈ। ਵ੍ਹਾਈਟ ਹਾਊਸ ਦੀ ਇਕ ਬ੍ਰੀਫ਼ਿੰਗ ਦੌਰਾਨ ਬੇਸੈਂਟ ਨੇ ਦਸਿਆ ਕਿ ਇਹ ਸ਼ਿਪਿੰਗ ਬੈਕਲਾਗ ਇੰਨਾ ਵੱਡਾ ਹੈ ਕਿ ਇਸ ਨੇ ਵਿਸ਼ਵ ਵਪਾਰ 'ਤੇ ਡੂੰਘਾ ਅਸਰ ਪਾਇਆ ਹੈ। ਟਰੰਪ ਪ੍ਰਸ਼ਾਸਨ ਦੇ ਇਸ ਅਹਿਮ ਮੈਂਬਰ ਨੇ ਦਸਿਆ ਕਿ ਜਹਾਜ਼ਾਂ ਦੀ ਇੰਨੀ ਵੱਡੀ ਗਿਣਤੀ ਦਾ ਫਸਣਾ ਇਕ ਗੰਭੀਰ ਸਥਿਤੀ ਹੈ ਕਿਉਂਕਿ ਵਿਸ਼ਵ ਦੇ ਤੇਲ ਅਤੇ ਗੈਸ ਨਿਰਯਾਤ ਦਾ ਇਕ ਵੱਡਾ ਹਿੱਸਾ ਆਮ ਤੌਰ 'ਤੇ ਇਸੇ ਰਣਨੀਤਕ ਜਲਮਾਰਗ ਰਾਹੀਂ ਗੁਜ਼ਰਦਾ ਹੈ। ਹਾਲਾਂਕਿ ਜਹਾਜ਼ਾਂ ਦੇ ਫਸੇ ਹੋਣ ਦੇ ਬਾਵਜੂਦ ਬੇਸੈਂਟ ਨੇ ਭਰੋਸਾ ਪ੍ਰਗਟਾਇਆ ਕਿ ਜਿਵੇਂ ਹੀ ਸ਼ਿਪਿੰਗ ਦੁਬਾਰਾ ਸ਼ੁਰੂ ਹੋਵੇਗੀ, ਗਲੋਬਲ ਮਾਰਕੀਟ ਇਸ ਰੁਕਾਵਟ ਤੋਂ ਉਭਰ ਜਾਵੇਗੀ। ਉਨ੍ਹਾਂ ਭਵਿੱਖਬਾਣੀ ਕੀਤੀ ਕਿ ਰਸਤਾ ਖੁੱਲ੍ਹਣ ਤੋਂ ਬਾਅਦ ਬਾਜ਼ਾਰ ਵਿਚ ਤੇਲ ਦੀ ਭਰਪੂਰ ਸਪਲਾਈ ਹੋਵੇਗੀ, ਜਿਸ ਨਾਲ ਤੇਲ ਦੀਆਂ ਕੀਮਤਾਂ ਵਿਚ ਤੇਜ਼ੀ ਨਾਲ ਗਿਰਾਵਟ ਦੇਖਣ ਨੂੰ ਮਿਲ ਸਕਦੀ ਹੈ। ਮੌਜੂਦਾ ਸਮੇਂ ਅਮਰੀਕੀ ਪ੍ਰਸ਼ਾਸਨ ਲਈ ਹੋਰਮੁਜ਼ ਸਟਰੇਟ ਵਿਚ ਸਮੁੰਦਰੀ ਆਵਾਜਾਈ ਨੂੰ ਬਹਾਲ ਕਰਨਾ ਇਕ ਮੁੱਖ ਉਦੇਸ਼ ਬਣ ਗਿਆ ਹੈ। ਬੇਸੈਂਟ ਨੇ ਜ਼ੋਰ ਦੇ ਕੇ ਕਿਹਾ ਕਿ ਸਮੁੰਦਰੀ ਆਵਾਜਾਈ ਪਹਿਲਾਂ ਦੀ ਤਰ੍ਹਾਂ ਪੂਰੀ ਤਰ੍ਹਾਂ ਮੁਕਤ ਅਤੇ ਖੁੱਲ੍ਹੀ ਹੋਣੀ ਚਾਹੀਦੀ ਹੈ। ਉਨ੍ਹਾਂ ਕਿਹਾ ਕਿ ਜਿਵੇਂ ਹੀ ਇਹ ਰਸਤਾ ਖੁੱਲ੍ਹੇਗਾ, ਜਹਾਜ਼ਾਂ ਦਾ ਇਕ ਵੱਡਾ 'ਹੜ੍ਹ' ਬਾਹਰ ਨਿਕਲਦਾ ਦੇਖਿਆ ਜਾਵੇਗਾ। ਇਸ ਸਮੇਂ ਦੁਨੀਆਂ ਭਰ ਦੀਆਂ ਸਰਕਾਰਾਂ ਅਤੇ ਕਾਰੋਬਾਰੀ ਸੰਸਥਾਵਾਂ ਇਸ ਸਥਿਤੀ 'ਤੇ ਨੇੜਿਉਂ ਨਜ਼ਰ ਰੱਖ ਰਹੀਆਂ ਹਨ। ਜੇਕਰ ਊਰਜਾ ਦੀ ਸਪਲਾਈ ਵਿਚ ਇਹ ਰੁਕਾਵਟ ਲੰਬੇ ਸਮੇਂ ਤੱਕ ਜਾਰੀ ਰਹਿੰਦੀ ਹੈ, ਤਾਂ ਇਸ ਦਾ ਅਸਰ ਅੰਤਰਰਾਸ਼ਟਰੀ ਵਪਾਰ 'ਤੇ ਪੈ ਸਕਦਾ ਹੈ। (ਏਜੰਸੀ)

ਲਹਿੰਦੇ ਪੰਜਾਬ 'ਚ 11 ਸੋਸ਼ਲ ਮੀਡੀਆ ਕਾਰਕੁਨ ਗ੍ਰਿਫ਼ਤਾਰ

ਲਾਹੌਰ, 29 ਮਈ : ਪਾਕਿਸਤਾਨ ਦੀ ਨੈਸ਼ਨਲ ਸਾਈਬਰ ਕ੍ਰਾਈਮ ਇਨਵੈਸਟੀਗੇਸ਼ਨ ਏਜੰਸੀ ਨੇ ਦੇਸ਼ ਵਿਰੋਧੀ ਪ੍ਰਚਾਰ ਕਰਨ ਅਤੇ ਅਸ਼ਾਂਤੀ ਫੈਲਾਉਣ ਦੇ ਦੋਸ਼ ਵਿਚ ਪੰਜਾਬ ਦੇ ਵੱਖ-ਵੱਖ ਸ਼ਹਿਰਾਂ ਤੋਂ 11 ਸੋਸ਼ਲ ਮੀਡੀਆ ਕਾਰਕੁਨਾਂ ਨੂੰ ਗ੍ਰਿਫ਼ਤਾਰ ਕੀਤਾ ਹੈ। ਇਨ੍ਹਾਂ 'ਤੇ ਦੋਸ਼ ਹੈ ਕਿ ਇਹ ਇੰਟਰਨੈੱਟ ਰਾਹੀਂ ਸਰਕਾਰੀ ਸੰਸਥਾਵਾਂ, ਖ਼ਾਸ ਕਰ ਕੇ ਫ਼ੌਜ ਵਿਰੁਧ ਭੜਕਾਊ ਮੁਹਿੰਮਾਂ ਚਲਾ ਰਹੇ ਸਨ। ਏਜੰਸੀ ਦੇ ਬੁਲਾਰੇ ਅਨੁਸਾਰ ਇਹ ਸਾਰੇ ਮੁਲਜ਼ਮ ਪਿਛਲੇ ਕੁੱਝ ਸਮੇਂ ਤੋਂ ਏਜੰਸੀ ਦੀ ਨਿਗਰਾਨੀ ਹੇਠ ਸਨ। ਮਾਰੇ ਗਏ ਛਾਪਿਆਂ ਦੌਰਾਨ ਲਾਹੌਰ ਤੋਂ 2, ਫ਼ੈਸਲਾਬਾਦ ਤੋਂ 3, ਮੁਲਤਾਨ ਤੋਂ 4 ਅਤੇ ਗੁਜਰਾਂਵਾਲਾ ਤੋਂ 1 ਸ਼ੱਕੀ ਨੂੰ ਕਾਬੂ ਕੀਤਾ ਗਿਆ। ਅਧਿਕਾਰੀਆਂ ਨੇ ਦਸਿਆ ਕਿ ਇਹ ਲੋਕ ਸੋਸ਼ਲ ਮੀਡੀਆ ਪਲੇਟਫ਼ਾਰਮਾਂ ਦੀ ਵਰਤੋਂ ਕਰ ਕੇ ਦੇਸ਼ ਵਿਚ ਅਰਾਜਕਤਾ ਪੈਦਾ ਕਰਨ ਦੀ ਕੋਸ਼ਿਸ਼ ਕਰ ਰਹੇ ਸਨ। ਗ੍ਰਿਫ਼ਤਾਰ ਕੀਤੇ ਗਏ ਵਿਅਕਤੀਆਂ ਵਿਰੁਧ 'ਪ੍ਰੀਵੈਂਸ਼ਨ ਆਫ਼ ਇਲੈਕਟਰਾਨਿਕ ਕ੍ਰਾਈਮਜ਼ ਐਕਟ' 2016 ਦੀਆਂ ਵੱਖ-ਵੱਖ ਧਾਰਾਵਾਂ ਤਹਿਤ ਮਾਮਲੇ ਦਰਜ ਕੀਤੇ ਗਏ ਹਨ। ਪੁਲਿਸ ਹੁਣ ਇਨ੍ਹਾਂ ਦੇ ਡਿਜੀਟਲ ਉਪਕਰਨਾਂ ਅਤੇ ਸੋਸ਼ਲ ਮੀਡੀਆ ਰਿਕਾਰਡ ਦੀ ਬਾਰੀਕੀ ਨਾਲ ਜਾਂਚ ਕਰ ਰਹੀ ਹੈ ਤਾਂ ਜੋ ਇਸ ਨੈੱਟਵਰਕ ਨਾਲ ਜੁੜੇ ਹੋਰ ਲੋਕਾਂ ਦਾ ਪਤਾ ਲਗਾਇਆ ਜਾ ਸਕੇ। ਏਜੰਸੀ ਦੇ ਪੰਜਾਬ ਦੇ ਡਾਇਰੈਕਟਰ ਮੁਹੰਮਦ ਅਲੀ ਵਸੀਮ ਨੇ ਸਖ਼ਤ ਲਹਿਜੇ ਵਿਚ ਕਿਹਾ ਕਿ ਦੇਸ਼ ਵਿਰੋਧੀ ਪ੍ਰਚਾਰ ਕਰਨ ਵਾਲੇ ਅਤੇ ਅਸਥਿਰਤਾ ਫੈਲਾਉਣ ਵਾਲੇ ਅਨਸਰਾਂ ਪ੍ਰਤੀ ਕੋਈ ਨਰਮੀ ਨਹੀਂ ਵਰਤੀ ਜਾਵੇਗੀ। ਉਨ੍ਹਾਂ ਕਿਹਾ ਕਿ ਅਜਿਹੇ ਅਨਸਰਾਂ ਵਿਰੁਧ ਕਾਰਵਾਈ ਲਗਾਤਾਰ ਜਾਰੀ ਰਹੇਗੀ। ਜ਼ਿਕਰਯੋਗ ਹੈ ਕਿ ਇਸ ਮਹੀਨੇ ਦੇ ਸ਼ੁਰੂ ਵਿਚ ਵੀ ਪਾਕਿਸਤਾਨੀ ਪੰਜਾਬ ਵਿਚ ਅਜਿਹੀਆਂ ਹੀ ਗਤੀਵਿਧੀਆਂ ਵਿਚ ਸ਼ਾਮਲ 13 ਹੋਰ ਸੋਸ਼ਲ ਮੀਡੀਆ ਐਕਟਿਵਿਸਟਾਂ ਨੂੰ ਗ੍ਰਿਫ਼ਤਾਰ ਕੀਤਾ ਗਿਆ ਸੀ। ਅਧਿਕਾਰੀਆਂ ਦਾ ਦਾਅਵਾ ਹੈ ਕਿ ਇਹ ਲੋਕ ਦੇਸ਼ ਦੀਆਂ ਸੰਸਥਾਵਾਂ ਨੂੰ ਬਦਨਾਮ ਕਰਨ ਲਈ ਇਕ ਸੋਚੀ-ਸਮਝੀ ਸਾਜ਼ਿਸ਼ ਤਹਿਤ ਕੰਮ ਕਰ ਰਹੇ ਸਨ। (ਏਜੰਸੀ)

ਜੰਗਲ 'ਚੋਂ ਮਿਲੇ ਮ੍ਰਿਤਕ ਨਵਜਾਤ ਦੀ ਮਾਂ ਨੇ ਵੀ ਤੋੜਿਆ ਦਮ

ਵੈਨਕੂਵਰ, 29 ਮਈ (ਮਲਕੀਤ ਸਿੰਘ): ਕੈਨੇਡਾ ਦੇ ਨੋਵਾ ਸਕੋਸ਼ੀਆ ਸੂਬੇ ਦੇ ਹੈਲੀਫੈਕਸ ਸ਼ਹਿਰ ਵਿਚ ਨਵਜੰਮੇ ਬੱਚੇ ਦੀ ਮੌਤ ਨਾਲ ਜੁੜੇ ਦਿਲ ਦਹਿਲਾ ਦੇਣ ਵਾਲੇ ਮਾਮਲੇ ਵਿਚ ਇਕ ਹੋਰ ਦੁਖਦਾਈ ਮੋੜ ਆ ਗਿਆ ਹੈ। ਪੁਲਿਸ ਨੇ ਪੁਸ਼ਟੀ ਕੀਤੀ ਹੈ ਕਿ ਜਿਸ 23 ਸਾਲਾ ਮਹਿਲਾ ਨੂੰ ਪਿਛਲੇ ਹਫ਼ਤੇ ਗੰਭੀਰ ਹਾਲਤ ਵਿਚ ਹਸਪਤਾਲ ਦਾਖ਼ਲ ਕਰਵਾਇਆ ਗਿਆ ਸੀ, ਉਸ ਦੀ ਵੀ ਮੌਤ ਹੋ ਗਈ ਹੈ। ਇਹ ਮਹਿਲਾ ਉਸ ਨਵਜੰਮੇ ਬੱਚੇ ਦੀ ਮਾਂ ਸੀ ਜਿਸ ਦੀ ਲਾਸ਼ ਬਾਅਦ ਵਿਚ ਜੰਗਲਾਤੀ ਇਲਾਕੇ ਵਿਚ ਮਿਲੀ ਸੀ। ਪ੍ਰਾਪਤ ਜਾਣਕਾਰੀ ਅਨੁਸਾਰ ਪਿਛਲੇ ਹਫ਼ਤੇ ਐਮਰਜੈਂਸੀ ਸੇਵਾਵਾਂ ਨੂੰ ਇਕ ਮਹਿਲਾ ਦੇ ਗੰਭੀਰ ਹਾਲਤ ਵਿਚ ਹੋਣ ਦੀ ਸੂਚਨਾ ਮਿਲੀ ਸੀ। ਜਦੋਂ ਪੈਰਾਮੈਡਿਕਸ ਮੌਕੇ 'ਤੇ ਪਹੁੰਚੇ ਤਾਂ ਮਹਿਲਾ ਨੂੰ ਤੁਰਤ ਹਸਪਤਾਲ ਲਿਜਾਇਆ ਗਿਆ। ਜਾਂਚ ਦੌਰਾਨ ਸਾਹਮਣੇ ਆਇਆ ਕਿ ਉਸ ਨੇ ਹਾਲ ਹੀ ਵਿਚ ਬੱਚੇ ਨੂੰ ਜਨਮ ਦਿਤਾ ਸੀ, ਜਿਸ ਤੋਂ ਬਾਅਦ ਪੁਲਿਸ ਨੇ ਨਵਜੰਮੇ ਦੀ ਭਾਲ ਲਈ ਵੱਡਾ ਖੋਜ ਅਭਿਆਨ ਸ਼ੁਰੂ ਕੀਤਾ। ਬਾਅਦ ਵਿਚ ਪੁਲਿਸ ਨੂੰ ਹੈਲੀਫੈਕਸ ਨੇੜਲੇ ਇਕ ਜੰਗਲਾਤੀ ਖੇਤਰ ਵਿਚ ਨਵਜੰਮੇ ਬੱਚੇ ਦੇ ਅਵਸ਼ੇਸ਼ ਮਿਲੇ ਸਨ। ਇਸ ਮਾਮਲੇ ਨੇ ਸਾਰੇ ਇਲਾਕੇ ਨੂੰ ਝੰਜੋੜ ਕੇ ਰੱਖ ਦਿਤਾ ਹੈ। ਹੁਣ ਮਾਂ ਦੀ ਮੌਤ ਮਗਰੋਂ ਇਹ ਮਾਮਲਾ ਹੋਰ ਵੀ ਸੰਵੇਦਨਸ਼ੀਲ ਬਣ ਗਿਆ ਹੈ। ਹੈਲੀਫੈਕਸ ਪੁਲਿਸ ਮੁਤਾਬਕ ਮਾਮਲੇ ਦੀ ਜਾਂਚ ਜਾਰੀ ਹੈ ਅਤੇ ਮੌਤਾਂ ਦੇ ਸਹੀ ਕਾਰਨਾਂ ਬਾਰੇ ਪੋਸਟਮਾਰਟਮ ਅਤੇ ਹੋਰ ਜਾਂਚ ਰਿਪੋਰਟਾਂ ਦੀ ਉਡੀਕ ਕੀਤੀ ਜਾ ਰਹੀ ਹੈ।